# ਗ੍ਰਹਿ ਵਿਗਿਆਨ
## ਸ਼੍ਰੇਣੀ ਨੌਂਵੀ

ਸਮਾਂ:3 ਘੰਟੇ ਲਿਖਤੀ: 60 ਅੰਕ

ਸਮਾਂ: 3 ਘੰਟੇ ਪ੍ਰਯੋਗੀ: 20 ਅੰਕ

* ਆਂਤਰਿਕ ਮੁਲਾਂਕਣ: 20 ਅੰਕ

ਕੁੱਲ: 100 ਅੰਕ

### ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)

1. ਪ੍ਰਸ਼ਨ ਪੱਤਰ ਵਿੱਚ ਕੁੱਲ 22 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

**ਭਾਗ-I** ਵਿੱਚ ਸੱਤ (7) ਵਸਤੂਨਿਸ਼ਠ ਪ੍ਰਸ਼ਨ (1ਤੋਂ 7) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ **ਜਾਂ** ਖਾਲੀ ਥਾਂ ਭਰੋ **ਜਾਂ** ਠੀਕ/ਗਲਤ **ਜਾਂ** ਬਹੁ-ਭਾਂਤੀ ਉੱਤਰਾਂ ਵਾਲੇ, ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 7×1=7

**ਭਾਗ-II** ਵਿੱਚ ਗਿਆਰ੍ਹਾਂ (11) ਛੋਟੇ ਉੱਤਰਾਂ ਵਾਲੇ ਪ੍ਰਸ਼ਨ (8 ਤੋਂ 18) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਪਾਠਕ੍ਰਮ ਦੇ ਹਰ ਭਾਗ ਵਿਚੋਂ ਇੱਕ ਪ੍ਰਸ਼ਨ ਅੰਦਰੂਨੀ ਛੋਟ ਵਾਲੇ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ ਜਿਸ ਦਾ ਉੱਤਰ 60-80 ਸ਼ਬਦਾਂ ਵਿੱਚ ਹੋਵੇ। 11×3=33

**ਭਾਗ-III** ਵਿੱਚ ਚਾਰ (4) ਅੰਦਰੂਨੀ ਛੋਟ ਵਾਲੇ ਨਿਬੰਧਾਤਮਕ ਪ੍ਰਸ਼ਨ (19 ਤੋਂ 22) ਪੁੱਛੇ ਜਾਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ, ਜਿਸ ਦਾ ਉੱਤਰ 150-200 ਸ਼ਬਦਾਂ ਵਿੱਚ ਹੋਵੇ। 4×5=20

### ਪਾਠ-ਕ੍ਰਮ ਅਨੁਸਾਰ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

### ਪਾਠਕ੍ਰਮ (ਲਿਖਤੀ)

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਗਿਣਤੀ | ਪਾਠ-ਕ੍ਰਮ ਦੇ ਭਾਗਾਂ ਅਨੁਸਾਰ ਪ੍ਰਸ਼ਨਾਂ ਦੀ ਵੰਡ | | | | ਕੁੱਲ ਅੰਕ |
|---|---|---|---|---|---|---|---|
| | | | ਭਾਗ 'ੳ' | ਭਾਗ 'ਅ' | ਭਾਗ 'ੲ' | ਭਾਗ 'ਸ' | |
| ਵਸਤੂਨਿਸ਼ਠ | 1 ਅੰਕ | 7 | 2 | 2 | 1 | 2 | 7 |
| ਛੋਟੇ ਉੱਤਰਾਂ ਵਾਲੇ | 3 ਅੰਕ | 11 | 2 | 3 | 3 | 3 | 33 |
| ਨਿਬੰਧਾਤਮਕ | 5 ਅੰਕ | 4 | 1 | 1 | 1 | 1 | 20 |
| ਕੁੱਲ | | 22 | 5 | 6 | 5 | 6 | 60 |

## ਭਾਗ-ੳ (ਗ੍ਰਹਿ ਵਿਵਸਥਾ)

1. ਗ੍ਰਹਿ ਵਿਗਿਆਨ – ਅਰਥ, ਮਹੱਤਤਾ ਅਤੇ ਖੇਤਰ।

2. ਗ੍ਰਹਿ ਵਿਵਸਥਾ-ਅਰਥ, ਮਹੱਤਤਾ ਅਤੇ ਖੇਤਰ।

3. ਪਰਿਵਾਰਿਕ ਸਾਧਨਾਂ ਦੀ ਵਿਵਸਥਾ – ਮਨੁੱਖੀ ਅਤੇ ਗੈਰ ਮਨੁੱਖੀ ਸਾਧਨ। ਸਮੇਂ ਅਤੇ ਸ਼ਕਤੀ ਦੀ ਵਿਵਸਥਾ ਅਤੇ ਇਸ ਤੇ ਅਸਰ ਪਾਉਣ ਵਾਲੇ ਕਾਰਕ, ਗ੍ਰਹਿ ਵਿਵਸਥਾ ਦੇ ਲਾਭ ਅਤੇ ਇਸ ਵਿੱਚ ਨਿਰਣੇ ਦਾ ਸਥਾਨ।

4. ਘਰ ਦੀ ਸਫ਼ਾਈ-ਸਫ਼ਾਈ ਕਰਨ ਲਈ ਜ਼ਰੂਰੀ ਸਮਾਨ, ਰੋਜ਼ਾਨਾ, ਸਪਤਾਹਿਕ ਅਤੇ ਸਾਲਾਨਾ ਸਫ਼ਾਈ।

5. ਘਰ ਦੇ ਸਾਜੋ ਸਮਾਨ ਦੀ ਚੋਣ ਅਤੇ ਜ਼ਰੂਰਤ ਜਿਵੇਂ ਕਿ ਰੈਫਰਿਜਰੇਟਰ, ਪ੍ਰੈਸ਼ਰ ਕੁੱਕਰ, ਸਟੋਵ, ਗੈਸ ਦਾ ਚੁੱਲਾ, ਰਸੋਈ ਦੇ ਬਰਤਨ, ਓਵਨ, ਸੋਲਰ ਕੁੱਕਰ, ਨਾਨਸਟਿਕ ਬਰਤਨ ਅਤੇ ਮਾਈਕਰੋਵੇਵ ਦੀ ਚੋਣ, ਇਸਤੇਮਾਲ ਅਤੇ ਦੇਖਭਾਲ।

6. ਰਸੋਈ ਦੀਆਂ ਕਿਸਮਾਂ, ਪ੍ਰਬੰਧ ਅਤੇ ਸਫ਼ਾਈ ਦਾ ਮਹੱਤਵ।

## ਭਾਗ-ਅ (ਭੋਜਨ ਅਤੇ ਪੋਸ਼ਣ ਵਿਗਿਆਨ)

7. ਭੋਜਨ, ਉਸਦੇ ਕੰਮ, ਪੌਸ਼ਟਿਕ ਤੱਤ ਅਤੇ ਵੱਖ-ਵੱਖ ਭੋਜਨ ਪਦਾਰਥਾਂ ਵਿੱਚ ਪੌਸ਼ਟਿਕ ਤੱਤਾਂ ਦੀ ਮਾਤਰਾ।

8. ਖਾਣਾ ਪਕਾਉਣ ਦੀਆਂ ਵਿਧੀਆਂ ਅਤੇ ਤਾਪ ਦਾ ਖੁਰਾਕੀ ਤੱਤਾਂ ਤੇ ਅਸਰ।

## ਭਾਗ-ੲ (ਬਾਲ ਵਿਕਾਸ ਅਤੇ ਪਰਿਵਾਰਿਕ ਸਬੰਧ)

9. ਬਾਲ ਵਿਕਾਸ ਦਾ ਅਰਥ ਤੇ ਮਹੱਤਤਾ।

10. ਮਨੁੱਖੀ ਵਿਕਾਸ ਦੇ ਪੜਾਅ-ਬਚਪਨ, ਕਿਸ਼ੋਰ ਉਮਰ, ਬਾਲਗ ਅਤੇ ਬੁਢਾਪੇ ਦੀਆਂ ਆਮ ਵਿਸ਼ੇਸ਼ਤਾਵਾਂ।

## ਭਾਗ-ਸ (ਵਸਤਰ ਵਿਗਿਆਨ)

11. ਕੱਪੜੇ ਧੋਣ ਦੇ ਸਮਾਨ ਦਾ ਗਿਆਨ ਅਤੇ ਕੱਪੜੇ ਧੋਣ ਲਈ ਤਿਆਰੀ। ਸੂਤੀ, ਊਨੀ ਅਤੇ ਰੇਸ਼ਮੀ ਕੱਪੜਿਆਂ ਦੀ ਧੁਆਈ।

12. ਸਫ਼ਾਈਕਾਰੀ ਅਤੇ ਹੋਰ ਪਦਾਰਥ-ਕੱਪੜੇ ਧੋਣ ਲਈ ਸਾਬਣ, ਸਾਬਣ ਬਣਾਉਣ ਦੀ ਵਿਧੀ, ਕਿਸਮਾਂ ਅਤੇ ਚੰਗੇ ਸਾਬਣ ਦੀ ਪਹਿਚਾਣ। ਸਾਬਣਰਹਿਤ ਸਫ਼ਾਈਕਾਰੀ ਪਦਾਰਥ। ਕੱਪੜਿਆਂ ਨੂੰ ਸਫ਼ੈਦ ਕਰਨ ਅਤੇ ਅਕੜਾਉਣ ਵਾਲੇ ਪਦਾਰਥ ਅਤੇ ਕੱਪੜਿਆਂ ਤੋਂ ਦਾਗ ਉਤਾਰਨ ਵਾਲੇ ਕਾਟ ਪਦਾਰਥ।

**ਪਾਠ ਪੁਸਤਕ : ਗ੍ਰਹਿ ਵਿਗਿਆਨ (ਪੰਜਾਬੀ ਅਤੇ ਹਿੰਦੀ) ਨੌਵੀਂ ਪਾਠ ਪੁਸਤਕ : ਗ੍ਰਹਿ ਵਿਗਿਆਨ (ਪੰਜਾਬੀ ਅਤੇ ਹਿੰਦੀ) ਨੌਵੀਂ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ।**

## **ਪ੍ਰਸ਼ਨ-ਪੱਤਰ ਦੀ ਰੂਪ ਰੇਖਾ (ਪ੍ਰਯੋਗੀ)**

**ਸਮਾਂ: 3 ਘੰਟੇ** **ਕੁੱਲ ਅੰਕ: 20**

**ਨੋਟ: ਇੱਕ ਗੁੱਰਪ ਵਿੱਚ 25 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ।**

1. ਨੋਟ ਬੁੱਕ, ਰਿਕਾਰਡ ਅਤੇ ਜ਼ੁਬਾਨੀ ------------------------------------5 ਅੰਕ

2. ਪ੍ਰੈਕਟੀਕਲ ਨੰ: 1 ਤੇ ਆਧਾਰਿਤ ਕੋਈ ਇੱਕ ਪਕਵਾਨ---------------------------5ਅੰਕ

3. ਪ੍ਰੈਕਟੀਕਲ ਨੰ: 2 ਜਾਂ 3 ਤੇ ਆਧਾਰਿਤ ਕੋਈ ਇੱਕ ਪ੍ਰੈਕਟੀਕਲ --------------- -----5ਅੰਕ

4. ਪ੍ਰੈਕਟੀਕਲ ਨੰ: 4 ਤੇ ਆਧਾਰਿਤ ਕੋਈ ਇੱਕ ਪ੍ਰੈਕਟੀਕਲ-------------------------5ਅੰਕ

## **ਪਾਠ-ਕ੍ਰਮ (ਪ੍ਰਯੋਗੀ)**

1. ਪਰਿਵਾਰ ਲਈ ਸਾਦਾ ਭੋਜਨ ਪਕਾਉਣਾ ਅਤੇ ਵਰਤਾਉਣਾ ਜਿਵੇਂ ਸਬਜ਼ੀਆਂ, ਦਾਲ, ਚਾਵਲ, ਚਪਾਤੀ, ਪਰੌਂਠਾ ਆਦਿ ਮਿੱਠੇ ਪਕਵਾਨ-ਕਸਟਰਡ, ਖੀਰ, ਸੂਜੀ ਦਾ ਹਲਵਾ, ਖਾਣੇ ਲਈ ਮੇਜ਼ ਲਗਾਉਣਾ ਅਤੇ ਖਾਣਾ ਵਰਤਾਉਣਾ।

2. ਗਲਾਸ, ਮੈਲਮੋਵੇਅਰ ਅਤੇ ਸਟੇਨਲੈਸ ਸਟੀਲ ਨੂੰ ਸਾਫ ਕਰਨਾ।

3. ਸੂਤੀ, ਊਨੀ ਅਤੇ ਰੇਸ਼ਮੀ ਵਸਤਰਾਂ ਦੀ ਧੁਆਈ ਅਤੇ ਸੂਤੀ ਵਸਤਰਾਂ ਨੂੰ ਕਲਫ ਅਤੇ ਸਫ਼ੈਦ ਵਸਤਰਾਂ ਨੂੰ ਨੀਲ ਲਗਾਉਣਾ।

4. ਕਢਾਈ ਦੇ ਟਾਂਕੇ-ਲੇਜ਼ੀ-ਡੇਜ਼ੀ, ਜੰਜ਼ੀਰੀ ਟਾਂਕਾ, ਡੰਡੀ ਟਾਂਕਾ, ਸਾਟਨ ਸਟਿੱਚ, ਕੰਬਲ ਟਾਂਕਾ ਅਤੇ ਦਸੂਤੀ ਟਾਂਕੇ ਦੇ ਸੈਂਪਲ ਤਿਆਰ ਕਰਕੇ। ਇਹਨਾਂ ਟਾਂਕਿਆਂ ਦੀ ਵਰਤੋਂ ਕਰਕੇ ਦੋ ਕੁਸ਼ਨ ਕਵਰ ਤਿਆਰ ਕਰਨੇ।

ਪਾਠ ਪੁਸਤਕ : ਗ੍ਰਹਿ ਵਿਗਿਆਨ (ਪੰਜਾਬੀ ਅਤੇ ਹਿੰਦੀ) ਨੌਵੀਂ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ।

## **ਪੰਜਾਬ ਸਕੂਲ ਸਿੱਖਿਆ ਬੋਰਡ**

**ਵਿਸ਼ਾ: ਅਕਾਦਮਿਕ ਸਾਲ 2020-21 ਲਈ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਲਈ Revised ਸਿਲੇਬਸ।**

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ ਨਜ਼ਰ ਸਕੂਲ ਬੰਦ ਹੋਣ ਕਾਰਨ ਵੱਖ-ਵੱਖ ਸ਼੍ਰੇਣੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2020-

21 ਲਈ ਨੌਂਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਸਿੱਖਣ ਪੱਧਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ੇ ਦੇ ਮੂਲ ਸੰਕਲਪ ਨੂੰ ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਘਟਾਏ ਗਏ Topics ਨੂੰ ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ ਬੇਸ਼ਕ ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ ਨਹੀਂ ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

**Class 9th**

| Section | Topic Deleted/Reduced |
|---|---|
| ੳ | ਘਰ ਦੇ ਸਾਜੋ ਸਮਾਨ ਦੀ ਚੋਣ, ਇਸਤੇਮਾਲ ਅਤੇ ਦੇਖਭਾਲ। |
| ੲ | ਬਾਲ ਵਿਕਾਸ ਦਾ ਅਰਥ ਅਤੇ ਮਹੱਤਤਾ |
| ਸ | ਸਫ਼ਾਈਕਾਰੀ ਤੇ ਹੋਰ ਪਦਾਰਥ |